# ਮਤਾ ਨੰਬਰ 55 ਤੋ 64 ਮਿਤੀ 12-08-2021

ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮੇਅਰ ਸ੍ਰੀਮਤੀ ਨਿਤਿਕਾ ਭੱਲਾ, ਨਗਰ ਨਿਗਮ ਮੋਗਾ ਜੀ ਦੀ ਪ੍ਰਧਾਨਗੀ ਹੇਠ ਮਿਤੀ 12-08-2021 ਸਮਾਂ ਦੁਪਹਿਰ 2:00 ਵਜੇ ਦਿਨ ਵੀਰਵਾਰ ਦਫਤਰ ਮੇਅਰ, ਨਗਰ ਨਿਗਮ ਮੋਗਾ ਵਿਖੇ ਕੀਤੀ ਗਈ ਇਸ ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਹਾਜਰ ਹੋਏ:-

1) ਸ੍ਰੀ ਸੁਰਿੰਦਰ ਸਿੰਘ, ਪੀ.ਸੀ.ਐਸ, ਕਮਿਸ਼ਨਰ, ਨਗਰ ਨਿਗਮ ਮੋਗਾ।
2) ਸ੍ਰੀ ਪ੍ਰਵੀਨ ਕੁਮਾਰ, ਸੀਨੀਅਰ ਡਿਪਟੀ ਮੇਅਰ, ਮੈਂਬਰ।
3) ਸ੍ਰੀ ਅਸ਼ੋਕ ਧਮੀਜਾ, ਡਿਪਟੀ ਮੇਅਰ, ਮੈਂਬਰ।
4) ਸ੍ਰੀ ਤੀਰਥ ਰਾਮ, ਮੈਂਬਰ, ਐਫ.ਐਡ.ਸੀ.ਸੀ (ਕੌਸਲਰ, ਵਾਰਡ ਨੰਬਰ : 40)
5) ਸ੍ਰੀਮਤੀ ਪਾਇਲ ਗਰਗ, ਮੈਂਬਰ, ਐਫ.ਐਡ.ਸੀ.ਸੀ (ਕੌਸਲਰ, ਵਾਰਡ ਨੰਬਰ : 41)

ਮੀਟਿੰਗ ਸੁਰੂ ਹੋਣ ਤੇ ਮਾਣਯੋਗ ਮੇਅਰ ਸਾਹਿਬ ਜੀ ਨੇ ਰੈਗੂਲਰ ਏਜੰਡੇ ਦੀਆਂ ਤਜਵੀਜਾਂ ਲੜੀਵਾਰ ਪੜਨ ਦੇ ਆਦੇਸ਼ ਦਿੱਤੇ। ਜੋ ਕਿ ਲੜੀਵਾਰ ਤਜਵੀਜ ਹੇਠ ਲਿਖੇ ਅਨੁਸਾਰ ਪੇਸ਼ ਕੀਤੀ ਗਈ।

ਤਜਵੀਜ :01

ਕੰਮ ਦਾ ਨਾਂ : Operation and Maintenance of incinetor and ETP at dump site Location. Est. Amt. 11.66 Lacs

ਸਿਵਲ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਉਕਤ ਕੰਮ ਦਾ ਟੈਂਡਰ ਦੂਜੀ ਵਾਰ ਮਿਤੀ 30-07-2021 ਲਈ ਮੰਗਿਆ ਗਿਆ ਸੀ। ਇਸ ਕੰਮ ਲਈ ਸਿਰਫ ਇੱਕ ਬਿਡ ਹੀ ਪ੍ਰਾਪਤ ਹੋਈ ਸੀ, ਜਿਸ ਕਰਕੇ ਪ੍ਰਵਾਨਗੀ ਮਿਤੀ 03-08-2021 ਮਿਲਣ ਉਪਰੰਤ ਇਸ ਕੰਮ ਦੀ ਟੈਕਨੀਕਲ ਬਿਡ ਖੋਲੀ ਗਈ। ਸਫਲ ਬਿਡਜ ਦੀ ਪ੍ਰਵਾਨਗੀ ਮਿਤੀ 06-08-2021 ਮਿਲਣ ਉਪਰੰਤ ਉਕਤ ਕੰਮ ਦੀ ਫਾਈਨੈਸੀਅਲ ਬਿਡ ਖੋਲੀ ਗਈ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

| Name of Work | Operation and Maintenance of incinetor and ETP at dump site Location. Est. Amt. 11.66 Lacs | |
|---|---|---|
| NIT Sr. No. 01 | Name of Contractor | Rate of Contractor |
| 1 | PARMESHWAR CONTRACTORS | OAS 1.75% below<br>Tender Amt. 11,45,595.00 |

ਉਕਤ ਕੰਮ ਦੇ ਪ੍ਰਾਪਤ ਰੇਟਾਂ ਦੀ ਤੁਲਨਾ ਕਰਨ ਤੇ ਪਾਇਆ ਗਿਆ ਕਿ PARMESHWAR CONTRACTORS ਉਕਤ ਕੰਮ ਨੂੰ ਤਖਮੀਨਾਂ ਰਾਸ਼ੀ 11.66 ਲੱਖ ਤੋਂ **Below 1.75% (Tender Amount Rs. 11,45,595.00)** ਵਿੱਚ ਕਰਨ ਨੂੰ ਤਿਆਰ ਹੈ , ਇਹ ਰੇਟ ਤਖਮੀਨੇ ਨਾਲੋ ਘੱਟ ਹਨ। ਇਸ ਕੰਮ ਲਈ ਪ੍ਰਾਪਤ ਹੋਏ ਰੇਟਾਂ ਨੂੰ ਪ੍ਰਵਾਨ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ।

ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਮਤਾ ਨੰਬਰ : 55 ਸਰਵਸੰਮਤੀ ਨਾਲ ਪ੍ਰਵਾਨ ਹੈ।

-ਸਹੀ-
ਮੇਅਰ
ਨਗਰ ਨਿਗਮ ਮੋਗਾ

ਤਜਵੀਜ :02

ਕੰਮ ਦਾ ਨਾਂ : Const. of Community hall at railway road (site changed Municipal Corporation office at Moga) ਤਖਮੀਨਾ ਰਾਸ਼ੀ 416.46 ਲੱਖ

ਸਿਵਲ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਉਕਤ ਕੰਮ ਦਾ ਟੈਂਡਰ ਈ-ਟੈਂਡਰਿੰਗ ਰਾਹੀਂ ਪਹਿਲੀ ਵਾਰ ਮਿਤੀ 19-05-2021 ਲਗਾਇਆ ਗਿਆ ਸੀ ਜਿਸ ਵਿੱਚ ਕੋਈ ਵੀ ਬਿਡ ਪ੍ਰਾਪਤ ਨਾ ਹੋਣ ਕਰਕੇ ਦੂਜੀ ਵਾਰ ਮਿਤੀ 09-06-2021 ਲਈ ਕਾਲ ਕੀਤਾ ਗਿਆ। ਇਸ ਵਾਰ ਉਕਤ ਕੰਮ PARVEEN SEHGAL CONT. ਵੱਲੋ ਭਰਿਆ ਗਿਆ। ਸਫਲ ਬਿਡਜ ਦੀ ਪ੍ਰਵਾਨਗੀ ਮਿਤੀ 22-06-2021 ਨੂੰ ਮਿਲਣ ਉਪਰੰਤ ਉਕਤ ਕੰਮ ਦੀ ਫਾਈਨੈਸੀਅਲ ਬਿਡ ਖੋਲੀ ਗਈ, ਸਬੰਧਤ ਫਰਮ ਵੱਲੋ ਉਕਤ ਕੰਮ ਤਖਮੀਨਾਂ ਰਾਸ਼ੀ 416.46 ਲੱਖ ਤੋਂ **Below 0.40% (Tender Amount Rs. 4,14,79,416.00)** ਭਰਿਆ ਗਿਆ ਸੀ। ਇਸ ਉਪਰੰਤ ਉਕਤ ਕੰਮ ਇਸ ਦਫਤਰ ਦੇ ਪੱਤਰ ਨੰ: 658 ਮਿਤੀ 02-07-2021 ਰਾਹੀਂ ਰੇਟਾਂ ਦੀ ਵੈਟਿੰਗ ਲਈ ਭੇਜਿਆ ਗਿਆ। ਮੁੱਖ ਇੰਜੀਨੀਅਰ, ਚੰਡੀਗੜ੍ਹ ਜੀ ਵੱਲੋ ਆਪਣੇ ਪੱਤਰ ਨੰ: ਸੀ.ਈ-2021/27756 ਮਿਤੀ 16-07-2021 ਰਾਹੀਂ ਵੈਟ ਕੀਤਾ ਗਿਆ ਹੈ ਅਤੇ ਪੱਤਰ ਦੇ ਕਲਾਜ ਨੰ: 1 ਰਾਹੀਂ ਲਿਖਿਆ ਗਿਆ ਹੈ ਕਿ "Saving quoted by bidder is on lower side. Superintending Engineer/Competent Authority shall negotiate with L-1 Bidder, in financial interest of Municipal Corporation" ਇਸ ਅਨੁਸਾਰ ਸਬੰਧਤ ਫਰਮ ਨੂੰ ਰੇਟ ਵਿੱਚ ਨੈਗੋਸੀਏਸ਼ਨ ਕਰਨ ਲਈ PARVEEN SEHGAL CONT ਨੂੰ ਇਸ ਦਫਤਰ ਦੇ ਪੱਤਰ ਨੰ: 484/ਸੀ. ਮਿਤੀ 19-07-2021 ਰਾਹੀਂ ਲਿਖਿਆ ਗਿਆ ਸੀ। ਜਿਸ ਤੇ ਸਬੰਧਤ ਫਰਮ ਵੱਲੋ ਈਮੇਲ ਰਾਹੀਂ ਲਿਖਤੀ ਰੂਪ ਵਿੱਚ ਦਿੱਤਾ ਗਿਆ ਕਿ ਓਵਰ ਆਲ ਸੈਵਿੰਗ -0.40% ਤੋ ਵੱਧਾ ਕੇ -1.10% ਕੀਤਾ ਗਿਆ ਹੈ। ਉਕਤ ਅਨੁਸਾਰ PARVEEN SEHGAL CONT ਵਿਸ਼ੇ ਅਧੀਨ ਕੰਮ ਨੂੰ ਤਖਮੀਨਾਂ ਰਾਸ਼ੀ 416.46 ਲੱਖ ਤੋਂ **Below 1.10% (Tender Amount Rs. 4,11,87,894)** ਵਿੱਚ ਕਰਨ ਨੂੰ ਤਿਆਰ ਹੈ। ਇਹ ਰੇਟ ਤਖਮੀਨੇ ਨਾਲੋ ਘੱਟ ਹਨ। ਇਸ ਕੰਮ ਲਈ ਪ੍ਰਾਪਤ ਹੋਏ ਰੇਟਾਂ ਨੂੰ ਪ੍ਰਵਾਨ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ।

ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਮਤਾ ਨੰਬਰ : 56 ਸਰਵਸੰਮਤੀ ਨਾਲ ਪ੍ਰਵਾਨ ਹੈ।

-ਸਹੀ-
ਮੇਅਰ
ਨਗਰ ਨਿਗਮ ਮੋਗਾ

ਤਜਵੀਜ :03

ਕੰਮ ਦਾ ਨਾਂ : Development of Park in various parts of Moga city.

Est. Amt. 72.91 Lacs

ਸਿਵਲ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਉਕਤ ਕੰਮ ਨੂੰ ਕਰਵਾਉਣ ਦਾ ਤਖਮੀਨਾ 72.91 ਲੱਖ ਦਾ ਮਤਾ ਨੰ: 72(11) ਮਿਤੀ 29-10-2020 ਰਾਹੀਂ ਮਿਉਸੰਪਲ ਫੰਡ ਵਿੱਚੋ ਕਰਵਾਉਣ ਲਈ ਸਰਕਾਰ ਨੂੰ ਪ੍ਰਵਾਨਗੀ ਹਿੱਤ ਭੇਜਿਆ ਗਿਆ ਸੀ। ਜਿਸ ਦੀ ਪ੍ਰਵਾਨਗੀ ਪੱਤਰ ਨੰ: ਸ5-ਡਸਸ-ਮਸਸ-2020/52935 ਮਿਤੀ 25-12-2020 ਰਾਹੀਂ ਦਿੱਤੀ ਗਈ ਸੀ। ਇਸ ਉਪਰੰਤ ਨਗਰ ਨਿਗਮ ਮੋਗਾ ਵੱਲੋ ਉਕਤ ਕੰਮ ਦਾ ਟੈਂਡਰ ਪਹਿਲੀ ਵਾਰ ਮਿਤੀ 30-01-2021 ਅਤੇ ਦੂਜੀ ਵਾਰ ਮਿਤੀ 17-03-2021 ਲਈ ਕਾਲ ਕੀਤਾ ਗਿਆ ਸੀ। ਦੂਜੀ ਵਾਰ ਇਸ ਕੰਮ ਦੋ ਫਰਮਾਂ ਵੱਲੋ ਭਰਿਆ ਗਿਆ ਸੀ।

ਜਿਸ ਕਰਕੇ ਪ੍ਰਵਾਨਗੀ ਮਿਤੀ 22-03-2021 ਮਿਲਣ ਉਪਰੰਤ ਉਕਤ ਕੰਮ ਦੀ ਟੈਕਨੀਕਲ ਬਿਡ ਖੋਲੀ ਗਈ। ਜਿਸ ਦੀ **Technical Evalution** ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| Sr. No. | Name of Bidder | Status | Remarks |
|---|---|---|---|
| 1 | Baljinder Singh Contractor | Qualified | |
| 2 | The Janta Dhalleke Coop L and C Society Ltd | Qualified | |

ਸਫਲ ਬਿਡਜ ਦੀ ਪ੍ਰਵਾਨਗੀ ਮਿਤੀ 10-05-2021 ਮਿਲਣ ਉਪਰੰਤ ਉਕਤ ਕੰਮ ਦੀ ਫਾਈਨੈਸੀਅਲ ਬਿਡ ਖੋਲੀ ਗਈ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| NIT Sr. No. 1 | Name of Contractor | Rate of Contractor |
|---|---|---|
| L-1 | The Janta Dhalleke Co_op L and C Society Ltd | OAS 10.20% below<br>Tender Amt. 65,47,318.00 |
| L-2 | MS BALJINDER SINGH CONTRACTOR | OAS 5.50% below<br>Tender Amt. 68,89,995.00 |

ਉਕਤ ਕੰਮ ਦੇ ਪ੍ਰਾਪਤ ਰੇਟਾਂ ਦੀ ਤੁਲਨਾ ਕਰਨ ਤੇ ਪਾਇਆ ਗਿਆ ਕਿ The Janta Dhalleke Coop L and C Society Ltd ਉਕਤ ਕੰਮ ਨੂੰ ਤਖਮੀਨਾਂ ਰਾਸ਼ੀ 72.91 ਲੱਖ ਤੋਂ **Below 10.20% (Tender Amount Rs. 65,47,318.00)** ਵਿੱਚ ਕਰਨ ਨੂੰ ਤਿਆਰ ਹੈ। ਕਿਉਂ ਜ਼ੋ ਇਸ ਕੰਮ ਦੀ ਤਖਮੀਨਾ ਰਾਸ਼ੀ 72.91 ਲੱਖ ਰੁਪਏ ਹੈ, ਇਸ ਕੰਮ ਦੇ ਰੇਟਾਂ ਦੀ ਪ੍ਰਵਾਨਗੀ ਲਈ ਸਮਰੱਥ ਅਧਿਕਾਰੀ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਹਨ। ਇਸ ਲਈ ਇਸ ਦਫਤਰ ਦੇ ਪੱਤਰ ਨੰ: 300 ਮਿਤੀ 04-06-2021 ਰਾਹੀਂ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਫਰਮ ਵੱਲੋ ਪ੍ਰਾਪਤ ਰੇਟਾ ਦੀ ਵੈਟਿੰਗ ਲਈ ਭੇਜਿਆ ਗਿਆ ਸੀ। ਉਹਨਾਂ ਵੱਲੋ ਆਪਣੇ ਪੱਤਰ ਨੰ: ਸੀ.ਈ.-2021 /27755 ਮਿਤੀ 16-07-2021 ਰਾਹੀਂ ਵੈਟ ਕੀਤਾ ਗਿਆ ਹੈ। ਇਸ ਅਨੁਸਾਰ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਵਿਸ਼ੇ ਅਧੀਨ ਕੰਮ ਲਈ The Janta Dhalleke Coop L and C Society Ltd ਵੱਲੋ ਭਰੇ ਰੇਟ **Below 10.20% Over all saving** ਉਪਰ ਕੰਮ ਅਲਾਟ ਕਰਨ ਲਈ ਅਤੇ ਇਸ ਕੰਮ ਲਈ ਪ੍ਰਾਪਤ ਹੋਏ ਰੇਟਾਂ ਨੂੰ ਪ੍ਰਵਾਨ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ।

ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਮਤਾ ਨੰਬਰ : 57 ਸਰਵਸੰਮਤੀ ਨਾਲ ਪ੍ਰਵਾਨ ਹੈ।

-ਸਹੀ-
ਮੇਅਰ
ਨਗਰ ਨਿਗਮ ਮੋਗਾ

ਤਜਵੀਜ :04

ਕੰਮ ਦਾ ਨਾਂ : ਮੁਰਦਾ ਜਾਨਵਰਾਂ ਨੂੰ ਚੁੱਕਣ ਲਈ ਦਿੱਤੇ ਠੇਕੇ ਵਿੱਚ 02 ਮਹੀਨੇ ਦਾ ਵਾਧਾ ਕਰਨ ਸਬੰਧੀ।

ਸੈਨੀਟੈਸ਼ਨ ਸ਼ਾਖਾ, ਨਗਰ ਨਿਗਮ ਮੋਗਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਸ਼ਹਿਰ ਵਿੱਚੋ ਮੁਰਦਾ ਪਸ਼ੂਆਂ ਨੂੰ ਚੁੱਕਣ ਸਬੰਧੀ ਸਾਲ 2020-21 ਦੌਰਾਨ 01 ਸਾਲਾ ਦਾ ਠੇਕਾ ਮਿਤੀ 04-08-2020 ਨੂੰ ਖੁੱਲੀ ਬੋਲੀ ਰਾਹੀ ਸ੍ਰੀ ਅਮਨਦੀਪ ਪੁੱਤਰ ਸ੍ਰੀ ਹੁਸਨ ਲਾਲ, ਬਾਲਮੀਕ ਕਲੋਨੀ ਨੂੰ 1,51,000 ਰੁਪਏ ਤੇ ਦਿੱਤਾ ਗਿਆ ਸੀ, ਜਿਸ ਦੀ ਮਿਆਦ ਮਿਤੀ 03-08-2021 ਨੂੰ ਖਤਮ ਹੋਣ ਵਾਲੀ ਹੈ। ਇਥੇ ਆਪ ਜੀ ਨੂੰ ਦੱਸਣ ਯੋਗ ਹੈ ਕਿ

ਨਗਰ ਨਿਗਮ ਮੋਗਾ ਵੱਲੋ ਮੁਰਦਾ ਪਸ਼ੂਆ ਦੇ ਠੇਕੇ ਨੂੰ ਦੇਣ ਲਈ ਅਖਬਾਰਾਂ ਵਿੱਚ ਪ੍ਰਕਾਸ਼ਿਤ ਕਰਵਾ ਕੇ ਬੋਲੀ ਰਾਹੀ ਸਾਲ 2021-22 ਲਈ ਠੇਕਾ ਦਿੱਤਾ ਜਾਂਣਾ ਹੈ। ਜਿਸ ਦੀ ਕਾਰਵਾਈ ਪੂਰੀ ਕਰਨ ਵਿੱਚ ਹੋਰ ਸਮਾਂ ਲਗਣ ਦੀ ਸਭਾਵਨਾਂ ਹੈ। ਇਸ ਲਈ ਪਹਿਲਾ ਚੱਲ ਰਹੇ ਠੇਕੇ ਵਿੱਚ ਮਿਆਦ ਖਤਮ ਹੋਣ ਦੀ ਮਿਤੀ ਤੋ ਹੋਰ 02 ਮਹੀਨੇ ਦਾ ਵਾਧਾ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ। ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਮਤਾ ਨੰਬਰ : 58 ਸਰਵਸੰਮਤੀ ਨਾਲ ਪ੍ਰਵਾਨ ਹੈ।

-ਸਹੀ-
ਮੇਅਰ
ਨਗਰ ਨਿਗਮ ਮੋਗਾ

ਤਜਵੀਜ :05

ਕੰਮ ਦਾ ਨਾਂ : **Supply and fixing of Dozer Pump on Various MC Tubewells in Moga City. Amt. 9.75 Lacs**

ਓ.ਐਡ.ਐਮ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਵਿਸ਼ੇ ਅਧੀਨ ਕੰਮ ਪਹਿਲੀ-ਵਾਰ ਮਿਤੀ 22-04-2021 ਲਈ ਮੰਗਿਆ ਗਿਆ ਸੀ। ਇਸ ਕੰਮ ਦੀ ਟੈਕਨੀਕਲ ਬਿਡ ਮਿਤੀ 23-04-2021 ਨੂੰ ਖੋਲੀ ਗਈ। ਉਕਤ ਕੰਮ ਲਈ 05 ਬਿਡਜ ਪ੍ਰਾਪਤ ਹੋਇਆ ਹਨ। ਸਫਲ ਬਿਡਰਾਂ ਦੀ ਪ੍ਰਵਾਨਗੀ ਮਿਤੀ 16-07-2021 ਮਿਲਣ ਉਪਰੰਤ ਕੰਮ ਦੀ ਫ਼ਾਈਨੈਸ਼ੀਅਲ ਬਿਡ ਖੋਲੀ ਗਈ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| **Name of work** | **Supply and fixing of Dozer Pump on Various MC Tubewells in Moga City. Amt. 9.75 Lacs** | |
|---|---|---|
| **NIT sr No 04** | **Name of Contractor** | **Rate of contractor** |
| **1** | **Dhruv Tubewell Engineers** | **OAS 19.99%Below Tender Amt. 7,80,097.50** |
| **2** | **Rajdeep Enterpries** | **OAS 07.08% Below Tender Amt. 9,05,970.00** |
| **3** | **Rajdeep water Solution Pvt. Ltd.** | **OAS 12.39%Below Tender Amt. 8,54,197.50** |

ਉਕਤ ਕੰਮ ਦੇ ਪ੍ਰਾਪਤ ਰੇਟਾਂ ਦੀ ਤੁਲਨਾ ਕਰਨ ਤੇ ਪਾਇਆ ਗਿਆ ਹੈ ਕਿ **Dhruv Tubewell Engineers** ਉਕਤ ਕੰਮ ਨੂੰ ਤਖਮੀਨਾਂ ਰਾਸ਼ੀ **Amt. 9.75** ਲੱਖ ਤੋ **19.99% (Tender amount Rs. 7,80,097.50)** ਵਿੱਚ ਕਰਨ ਨੂੰ ਤਿਆਰ ਹੈ। ਇਹ ਰੇਟ ਤਖਮੀਨੇ ਨਾਲੋ ਘੱਟ ਹਨ। ਇਸ ਕੰਮ ਲਈ ਪ੍ਰਾਪਤ ਹੋਏ ਰੇਟਾਂ ਨੂੰ ਪ੍ਰਵਾਨ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ। ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਮਤਾ ਨੰਬਰ : 59 ਸਰਵਸੰਮਤੀ ਨਾਲ ਪ੍ਰਵਾਨ ਹੈ।

-ਸਹੀ-
ਮੇਅਰ
ਨਗਰ ਨਿਗਮ ਮੋਗਾ

ਤਜਵੀਜ :06

ਕੰਮ ਦਾ ਨਾਂ : Desilting of Manholes in various Streets of Moga City.

(Est. Amt. 48.69 Lacs)

ਓ.ਐਡ.ਐਮ ਸ਼ਾਖਾ ਵੱਲੋ ਰਿਪੋਰਟ ਹੈ ਕਿ ਕਮਿਸ਼ਨਰ, ਨਗਰ ਨਿਗਮ, ਮੋਗਾ ਜੀ ਦੀ ਪ੍ਰਵਾਨਗੀ ਉਪਰੰਤ ਵੱਖ-ਵੱਖ ਵਿਕਾਸ ਦੇ ਕੰਮਾਂ ਦੇ ਟੈਂਡਰ ਮਿਤੀ **22-07-2021** ਲਈ ਮੰਗੇ ਗਏ ਸਨ। ਕੰਮ ਦੀ ਸੁਸਾਇਟੀਆਂ ਦੀ ਟੈਕਨੀਕਲ ਬਿਡ ਮਿਤੀ **23-07-2021** ਅਤੇ ਫ਼ਰਮਾਂ/ਠੇਕੇਦਾਰਾਂ ਦੀ ਟੈਕਨੀਕਲ ਬਿਡ ਮਿਤੀ **26-07-2021** ਨੂੰ ਖੋਲ੍ਹੀ ਗਈ। ਸਫਲ ਸੁਸਾਇਟੀ/ਫ਼ਰਮਾਂ ਦੀ ਟੈਕਨੀਕਲ ਬਿਡਜ਼ ਦੀ ਪ੍ਰਵਾਨਗੀ ਮਿਲਣ ਉਪਰੰਤ ਇਸ ਕੰਮ ਦੀ ਫ਼ਾਈਨੈਂਸ਼ੀਅਲ ਬਿਡ ਖੋਲ੍ਹੀ ਗਈ ਅਤੇ ਹੇਠ ਲਿਖੇ ਅਨੁਸਾਰ ਰੇਟ ਪ੍ਰਾਪਤ ਹੋਏ:-

| **Name of Work** | Desilting of Manholes in various Streets of Moga City.<br>(Est. Amt. 48.69 Lacs) | |
|---|---|---|
| ***NIT Sr. No. 3*** | ***Name of Contractor/Firm/Society*** | ***Rates of Contractor*** |
| **1** | **Malwa and Company** | **OAS 12.59% Below**<br>**Tender Amount Rs. 42,55,992/-** |
| **2** | **The K H Coop L&C Society Ltd.** | **OAS 5.75% Below**<br>**Tender Amount Rs. 45,89,032/-** |
| **3** | **The HP Coop L&C Society Ltd.** | **OAS 2.00% Below**<br>**Tender Amount Rs. 47,71,620/-** |

ਉਕਤ ਸੁਸਾਇਟੀਆਂ/ਫ਼ਰਮਾਂ ਵਿੱਚੋਂ **Malwa and Company** ਇਸ ਕੰਮ ਨੂੰ ਤਖਮੀਨਾ ਰਾਸ਼ੀ ਰੁਪਏ **48.69** ਲੱਖ ਤੋਂ **Below 12.59% (Tender Amount Rs. 42,55,992/-)** ਵਿੱਚ ਕਰਨ ਨੂੰ ਤਿਆਰ ਹੈ। ਇਹ ਰੇਟ ਤਖਮੀਨੇ ਨਾਲੋਂ ਘੱਟ ਹਨ। ਇਸ ਕੰਮ ਲਈ ਪ੍ਰਾਪਤ ਹੋਏ ਰੇਟਾਂ ਨੂੰ ਪ੍ਰਵਾਨ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ।

ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਮਤਾ ਨੰਬਰ : 60 ਸਰਵਸੰਮਤੀ ਨਾਲ ਪ੍ਰਵਾਨ ਹੈ।

-ਸਹੀ-
ਮੇਅਰ
ਨਗਰ ਨਿਗਮ ਮੋਗਾ

ਤਜਵੀਜ :07

ਕੰਮ ਦਾ ਨਾਂ : Desilting of Sewer by Super Suction Machine in Zone-A.

(Est. Amt. 15.37 Lacs)

ਓ.ਐਡ.ਐਮ ਸ਼ਾਖਾ ਵੱਲੋ ਰਿਪੋਰਟ ਹੈ ਕਿ ਕਮਿਸ਼ਨਰ, ਨਗਰ ਨਿਗਮ, ਮੋਗਾ ਜੀ ਦੀ ਪ੍ਰਵਾਨਗੀ ਉਪਰੰਤ ਵੱਖ-ਵੱਖ ਵਿਕਾਸ ਦੇ ਕੰਮਾਂ ਦੇ ਟੈਂਡਰ ਮਿਤੀ **22-07-2021** ਲਈ ਮੰਗੇ ਗਏ ਸਨ। ਕੰਮ ਦੀ ਸੁਸਾਇਟੀਆਂ ਦੀ ਟੈਕਨੀਕਲ ਬਿਡ ਮਿਤੀ **23-07-2021** ਅਤੇ ਫ਼ਰਮਾਂ/ਠੇਕੇਦਾਰਾਂ ਦੀ ਟੈਕਨੀਕਲ ਬਿਡ ਮਿਤੀ **26-07-2021** ਨੂੰ ਖੋਲ੍ਹੀ ਗਈ। ਸਫਲ ਸੁਸਾਇਟੀ/ਫ਼ਰਮਾਂ ਦੀ ਟੈਕਨੀਕਲ ਬਿਡਜ਼ ਦੀ ਪ੍ਰਵਾਨਗੀ ਮਿਲਣ ਉਪਰੰਤ ਇਸ ਕੰਮ ਦੀ ਫ਼ਾਈਨੈਂਸ਼ੀਅਲ ਬਿਡ ਖੋਲ੍ਹੀ ਗਈ ਅਤੇ ਹੇਠ ਲਿਖੇ ਅਨੁਸਾਰ ਰੇਟ ਪ੍ਰਾਪਤ ਹੋਏ:-

| **Name of Work** | Desilting of Sewer by Super Suction Machine in Zone-A. |
|---|---|

| | | |
|---|---|---|
| | (Est. Amt. 15.37 Lacs) | |
| ***NIT Sr. No. 1*** | ***Name of Contractor/Firm/Society*** | ***Rates of Contractor*** |
| **1** | **Malwa and Company** | **OAS 10.21% Below**<br>**Tender Amount Rs. 13,80,072 /-** |
| **2** | **Rai Constructions** | **OAS 7.20% Below**<br>**Tender Amount Rs. 14,26,336/-** |
| **3** | **The K H Coop L&C Society Ltd.** | **OAS 7.65% Below**<br>**Tender Amount Rs. 14,19,419/-** |
| **4** | **The HP Coop L&C Society Ltd.** | **OAS 2.00% Below**<br>**Tender Amount Rs. 15,06,260/-** |

ਉਕਤ ਸੁਸਾਇਟੀਆਂ/ਫ਼ਰਮਾਂ ਵਿੱਚੋਂ **Malwa and Company** ਇਸ ਕੰਮ ਨੂੰ ਤਖਮੀਨਾ ਰਾਸ਼ੀ ਰੁਪਏ **15.37** ਲੱਖ ਤੋਂ **Below 10.21% (Tender Amount Rs. 13,80,072/-)** ਵਿੱਚ ਕਰਨ ਨੂੰ ਤਿਆਰ ਹੈ। ਇਹ ਰੇਟ ਤਖਮੀਨੇ ਨਾਲੋਂ ਘੱਟ ਹਨ। ਇਸ ਕੰਮ ਲਈ ਪ੍ਰਾਪਤ ਹੋਏ ਰੇਟਾਂ ਨੂੰ ਪ੍ਰਵਾਨ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ।

ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਮਤਾ ਨੰਬਰ : 61 ਉਕਤ ਤਜਵੀਜ ਨੂੰ ਐਫ.ਐਡ.ਸੀ.ਸੀ ਦੇ ਮੈਂਬਰਾਂ ਵੱਲੋ ਵਿਚਾਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਕਿ ਕੰਪਨੀ ਵੱਲੋ ਤਜਵੀਜ ਨੰਬਰ 08 ਮਿਤੀ 12-08-2021 ਮਤਾ ਨੰਬਰ 62 ਵਿੱਚ **Same** ਨੈਚਰ ਦਾ ਕੰਮ **13.39% Below** ਵਿੱਚ ਕੀਤਾ ਜਾ ਰਿਹਾ ਹੈ। ਜੇਕਰ ਕੰਪਨੀ ਉਕਤ ਕੰਮ ਨੂੰ **13.39% Below (same Rate)** ਵਿੱਚ ਕਰਨ ਨੂੰ ਤਿਆਰ ਹੈ ਤਾਂ ਮਤਾ ਸਰਵਸੰਮਤੀ ਨਾਲ ਪ੍ਰਵਾਨ ਹੈ, ਜੇਕਰ ਕੰਪਨੀ ਵੱਲੋ ਇੰਨਕਾਰੀ ਕੀਤੀ ਜਾਂਦੀ ਹੈ ਤਾਂ ਉਕਤ ਕੰਮ ਦਾ ਟੈਂਡਰ ਰੀ-ਕਾਲ ਕੀਤਾ ਜਾਵੇ।

-ਸਹੀ-
ਮੇਅਰ
ਨਗਰ ਨਿਗਮ ਮੋਗਾ

ਤਜਵੀਜ :08

ਕੰਮ ਦਾ ਨਾਂ : Desilting of Sewerage by Super Suction Machine in Zone-D.

(Est. Amt. 49.89 Lacs)

ਓ.ਐਡ.ਐਮ ਸ਼ਾਖਾ ਵੱਲੋ ਰਿਪੋਰਟ ਹੈ ਕਿ ਕਮਿਸ਼ਨਰ, ਨਗਰ ਨਿਗਮ, ਮੋਗਾ ਜੀ ਦੀ ਪ੍ਰਵਾਨਗੀ ਉਪਰੰਤ ਵੱਖ-ਵੱਖ ਵਿਕਾਸ ਦੇ ਕੰਮਾਂ ਦੇ ਟੈਂਡਰ ਮਿਤੀ **22-07-2021** ਲਈ ਮੰਗੇ ਗਏ ਸਨ। ਵਿਸ਼ੇ ਅਧੀਨ ਕੰਮ ਦੀ ਸੁਸਾਇਟੀਆਂ ਦੀ ਟੈਕਨੀਕਲ ਬਿਡ ਮਿਤੀ **23-07-2021** ਅਤੇ ਫ਼ਰਮਾਂ/ਠੇਕੇਦਾਰਾਂ ਦੀ ਟੈਕਨੀਕਲ ਬਿਡ ਮਿਤੀ **26-07-2021** ਨੂੰ ਖੋਲ੍ਹੀ ਗਈ। ਸਫਲ ਸੁਸਾਇਟੀ/ਫ਼ਰਮਾਂ ਦੀ ਟੈਕਨੀਕਲ ਬਿਡਜ਼ ਦੀ ਪ੍ਰਵਾਨਗੀ ਮਿਲਣ ਉਪਰੰਤ ਇਸ ਕੰਮ ਦੀ ਫ਼ਾਈਨੈਂਸ਼ੀਅਲ ਬਿਡ ਖੋਲ੍ਹੀ ਗਈ ਅਤੇ ਹੇਠ ਲਿਖੇ ਅਨੁਸਾਰ ਰੇਟ ਪ੍ਰਾਪਤ ਹੋਏ:-

| **Name of Work** | Desilting of Sewerage by Super Suction Machine in Zone-D.<br>(Est. Amt. 49.89 Lacs) | |
|---|---|---|
| ***NIT Sr. No. 2*** | ***Name of Contractor/Firm/Society*** | ***Rates of Contractor*** |
| **1** | **Malwa and Company** | **OAS 13.39% Below**<br>**Tender Amount Rs. 43,20,972/-** |
| **2** | **Rai Constructions** | **OAS 7.20% Below**<br>**Tender Amount Rs. 46,29,792/-** |
| **3** | **Guru Nanak Borewell** | **OAS 4.50% Below**<br>**Tender Amount Rs. 47,64,495/-** |
| **4** | **The HP Coop L&C Society Ltd.** | **OAS 2.00% Below**<br>**Tender Amount Rs. 48,89,220** |
| **5** | **The K H Coop L&C Society Ltd.** | **OAS 7.65% Below**<br>**Tender Amount Rs. 46,07,341/-** |

ਉਕਤ ਸੁਸਾਇਟੀਆਂ/ਫ਼ਰਮਾਂ ਵਿੱਚੋਂ **Malwa and Company** ਇਸ ਕੰਮ ਨੂੰ ਤਖਮੀਨਾ ਰਾਸ਼ੀ ਰੁਪਏ **49.89** ਲੱਖ ਤੋਂ **Below 13.39% (Tender Amount Rs. 43,20,972/-)** ਵਿੱਚ ਕਰਨ ਨੂੰ ਤਿਆਰ ਹੈ। ਇਹ ਰੇਟ ਤਖਮੀਨੇ ਨਾਲੋਂ ਘੱਟ ਹਨ। ਇਸ ਕੰਮ ਲਈ ਪ੍ਰਾਪਤ ਹੋਏ ਰੇਟਾਂ ਨੂੰ ਪ੍ਰਵਾਨ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ। ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਮਤਾ ਨੰਬਰ : 62 ਸਰਵਸੰਮਤੀ ਨਾਲ ਪ੍ਰਵਾਨ ਹੈ।

-ਸਹੀ-
ਮੇਅਰ
ਨਗਰ ਨਿਗਮ ਮੋਗਾ

**ਤਜਵੀਜ ਨੰਬਰ : 09**

Name of Work: P/L 60 mm thick ISI Marked Tiles Near Medicity W-10.

Est.Amt. 10.00 Lacs

ਸਿਵਲ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਰਿਪੋਰਟ ਹੈ ਕਿ ਵਿਸ਼ੇ ਅਧੀਨ ਕੰਮ ਦਾ ਟੈਂਡਰ ਦੂਜੀ ਵਾਰ ਮਿਤੀ 17-03-2021 (**1st time 30-01-2021**) ਲਈ ਕਾਲ ਕੀਤਾ ਗਿਆ ਸੀ। ਮਾਨਯੋਗ ਕਮਿਸ਼ਨਰ ਜੀ ਪਾਸੋ ਪ੍ਰਵਾਨਗੀ ਮਿਤੀ ਇਸ ਕੰਮ ਦੀ ਟੈਕਨੀਕਲ ਬਿਡ ਮਿਤੀ 22-03-2021 ਨੂੰ ਖੋਲੀ ਗਈ। ਸਫਲ ਬਿਡਜ ਦੀ ਪ੍ਰਵਾਨਗੀ ਮਿਲਣ ਉਪਰੰਤ ਉਕਤ ਕੰਮ ਦੀ ਫਾਈਨੈਂਸੀਅਲ ਬਿਡ ਮਿਤੀ 06-08-2021 ਨੂੰ ਖੋਲੀ ਗਈ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| **Name of Work** | P/L 60 mm thick ISI Marked Tiles Near Medicity W-10.<br>Est.Amt. 10.00 Lacs | |
|---|---|---|
| **NIT Sr. No.35** | **Name of Contractor** | **Rate of Contractor** |
| **L-1** | The Janta Dhalle ke co_op L/C Society Ltd. | **OAS 24.00% below**<br>**Tender Amt. 760000.00** |

ਉਕਤ ਕੰਮ ਲਈ ਪ੍ਰਾਪਤ ਰੇਟਾਂ ਦੀ ਤੁਲਨਾ ਕਰਨ ਤੇ ਪਾਇਆ ਗਿਆ ਕਿ The Janta Dhalle ke co_op L/C Society Ltd. ਉਕਤ ਕੰਮ ਨੂੰ ਤਖਮੀਨਾਂ ਰਾਸ਼ੀ 10.00 ਲੱਖ ਤੋਂ **Below 24.00% (Tender Amount**

**Rs. 7,60,000.00)** ਵਿੱਚ ਕਰਨ ਨੂੰ ਤਿਆਰ ਹੈ ਇਹ ਰੇਟ ਤਖਮੀਨੇ ਨਾਲੋ ਘੱਟ ਹਨ ਅਤੇ ਇਹਨਾਂ ਰੇਟਾਂ ਨੂੰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਪਾਸੋ ਪ੍ਰਵਾਨ ਕੀਤਾ ਜਾਣਾ ਹੈ।

ਜਿੱਕਰ ਯੋਗ ਹੈ ਕਿ ਉਕਤ ਕੰਮ ਦੇ ਤਖਮੀਨੇ ਵਿੱਚ ਲਈਆ ਗਈ ਗਲੀਆ ਦੀ ਹਾਲਤ ਕਾਫੀ ਖਸਤਾ ਹੋਣ ਕਰਕੇ ਮਾਨਯੋਗ ਐਮ.ਐਲ.ਏ ਮੋਗਾ ਜੀ ਵੱਲੋ ਹੋਏ ਜ਼ੁਬਾਨੀ ਹੁਕਮਾ ਤੇ ਕਮਿਸ਼ਨਰ ਜੀ ਪਾਸੋ ਪ੍ਰਵਾਨਗੀ ਮਿਲਣ ਉਪਰੰਤ ਇਹਨਾਂ ਗਲੀਆਂ ਵਿੱਚ ਪਹਿਲਾ ਅਲਾਟ **P/L I/tiles in dubey furniture house street and other streets in w-17** ਦੇ ਕੰਮ ਵਿੱਚੋ ਕਰਵਾ ਲਿਆ ਗਿਆ ਸੀ।

ਇੱਥੇ ਦੱਸਣਯੋਗ ਹੈ ਕਿ ਹੁਣ ਵਾਡਰ ਨੰ: ਦੇ ਕੌਂਸਲਰ ਸ੍ਰੀ ਸੁਰਿੰਦਰ ਸਿੰਘ ਵੱਲੋ ਲਿਖਤੀ ਬੇਨਤੀ ਕੀਤੀ ਗਈ ਹੈ ਕਿ ਜੀ.ਟੀ. ਰੋਡ ਤੋ ਐਂਟਰ ਕਰਦਿਆ ਗਲੀਆਂ (1- ਜੇਲ ਵਾਲੀ ਗਲੀ, 2- ਪੂਰਨ ਸਿੰਘ ਡਿਪੂ ਵਾਲੀ ਗਲੀ, 3- ਪੱਟੀ ਵਾਲੀ ਗਲੀ, 4- ਗੁਰਦੀਪ ਸਿੰਘ ਚੇਅਰਮੈਨ ਵਾਲੀ ਗਲੀ )ਵਿੱਚ ਰੈਂਪ ਬਣਾਇਆ ਜਾਵੇ ਅਤੇ ਪੂਰਨ ਸਿੰਘ ਡਿਪੂ ਵਾਲੀ ਗਲੀ ਵਿੱਚ ਇੰਟਰਲਾਕਿੰਗ ਟਾਈਲਾ ਲਗਾਈਆ ਜਾਣ। ਇਸ ਤੋ ਇਲਾਵਾ ਇੰਦਰ ਸਿੰਘ ਗਿੱਲ ਨਗਰ ਦੇ ਸਮੂਹ ਮੁਹੱਲਾ ਨਿਵਾਸੀਆਂ ਵੱਲੋ ਲਿਖਤੀ ਬੇਨਤੀ ਕੀਤੀ ਗਈ ਹੈ ਕਿ ਉਹਨਾਂ ਦੀ ਗਲੀ ਵਿੱਚ ਇੰਟਰਲਾਕਿੰਗ ਟਾਈਲਾ ਲਗਾਇਆ ਜਾਵੇ। ਇਸ ਸਬੰਧੀ ਰਿਪੋਰਟ ਹੈ ਕਿ ਉਕਤ ਚਾਰ ਗਲੀਆਂ ਜਿਨਾਂ ਤੇ ਰੈਂਪ ਬਣਾਉਣ ਲਈ ਕਿਹਾ ਗਿਆ ਹੈ ਜੀ.ਟੀ. ਰੋਡ ਉੱਚਾ ਹੋਣ ਕਰਕੇ ਇਹਨਾਂ ਗਲੀਆਂ ਵਿੱਚ ਬਰਸਾਤਾ ਦੇ ਮੌਸਮ ਵਿੱਚ ਪਾਣੀ ਭਰ ਜਾਂਦਾ ਹੈ, ਇਹਨਾ ਗਲੀਆਂ ਵਿੱਚ ਜੀ.ਟੀ. ਰੋਡ ਵਾਲੇ ਪਾਸੇ ਰੈਂਪ ਬਣਾਉਣਾ ਜਰੂਰੀ ਹੈ। ਇਸ ਤੋ ਇਲਾਵਾ ਇੰਦਰ ਸਿੰਘ ਗਿੱਲ ਨਗਰ ਵਾਲੀ ਗਲੀ ਵਿੱਚ ਪਹਿਲਾ ਪੀ.ਸੀ. ਦਾ ਕੰਮ ਕੀਤਾ ਹੋਇਆ ਹੈ, ਜਿਸ ਦੀ ਹਾਲਤ ਖਰਾਬ ਹੈ। ਇਸ ਗਲੀ ਵਿੱਚ ਇੰਟਰਲਾਕਿੰਗ ਟਾਈਲਾ ਦਾ ਕੰਮ ਕਰਵਾਇਆ ਜਾ ਸਕਦਾ ਹੈ।

ਉਕਤ ਅਨੁਸਾਰ ਆਮ ਪਬਲਿਕ ਦੀ ਸਮਸਿਆ ਨੂੰ ਦੇਖਦੇ ਹੋਏ 1- ਜੇਲ ਵਾਲੀ ਗਲੀ, 2- ਪੂਰਨ ਸਿੰਘ ਡਿਪੂ ਵਾਲੀ ਗਲੀ, 3- ਪੱਟੀ ਵਾਲੀ ਗਲੀ, 4- ਗੁਰਦੀਪ ਸਿੰਘ ਚੇਅਰਮੈਨ ਵਾਲੀ ਗਲੀ ਦੇ ਜੀ.ਟੀ. ਰੋਡ ਵਾਲੇ ਪਾਸੇ ਰੈਂਪ ਬਣਾਉਣ ਅਤੇ ਇੰਦਰ ਸਿੰਘ ਗਿੱਲ ਨਗਰ ਵਾਲੀ ਗਲੀ ਵਿੱਚ ਇੰਟਰਲਾਕਿੰਗ ਟਾਈਲਾ ਦਾ ਕੰਮ ਕਰਵਾਉਣ ਲਈ ਵਿਸ਼ੇ ਅਧੀਨ ਕੰਮ ਦੀ ਸਾਈਟ ਬਦਲੀ ਕਰਕੇ ਕੰਮ ਕਰਵਾਉਣ ਅਤੇ ਨਿਗਰਾਨ ਇੰਜੀਨੀਅਰ (ਸਿਵਲ) ਅਨੁਸਾਰ ਪਹਿਲਾ ਪਾਸ ਐਸਟੀਮੈਟ ਅਧੀਨ ਗਲੀਆਂ ਵਾਰਡ 10 ਦੇ ਕੰਮ ਨੂੰ ਉਕਤ ਦਰਸਾਏ ਕੰਮ ਵਾਰਡ ਨੰਬਰ 17 ਵਿੱਚੋ ਕਰਵਾਇਆ ਜਾਣਾ ਸੀ। ਹੁਣ ਉਹੀ ਕੰਮ ਵਾਰਡ ਨੰਬਰ 10 ਵਿੱਚ ਸਾਈਟ ਚੈਜ ਕਰਾਉਣ ਲਈ ਤਖਮੀਨ ਰਕਮ 10 ਲੱਖ ਰੁਪਏ ਪ੍ਰਪਾਤ ਰੇਟ 24 ਪ੍ਰਤੀਸ਼ਤ ਲੈਸ ਤੇ The Janta Dhalle ke co_op L/C Society Ltd. ਪਾਸੋ ਕਰਵਾਉਣ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਮਤਾ ਨੰਬਰ : 63 ਸਰਵਸੰਮਤੀ ਨਾਲ ਪ੍ਰਵਾਨ ਹੈ।

-ਸਹੀ-
ਮੇਅਰ
ਨਗਰ ਨਿਗਮ ਮੋਗਾ

ਤਜਵੀਜ ਨੰਬਰ : **10**

Name of work: P/L 60mm thick ISI marked I/Tiles in various street of w-3

Est.Amt. 8.42 Lacs

ਸਿਵਲ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਵਿਸ਼ੇ ਅਧੀਨ ਕੰਮ ਦਾ ਟੈਂਡਰ ਦੂਜੀ ਵਾਰ ਮਿਤੀ 17-03-2021 (**1st time 30-01-2021**) ਲਈ ਕਾਲ ਕੀਤਾ ਗਿਆ ਸੀ। ਮਾਨਯੋਗ ਕਮਿਸ਼ਨਰ ਜੀ ਪਾਸੋ ਪ੍ਰਵਾਨਗੀ ਮਿਤੀ ਇਸ ਕੰਮ ਦੀ ਟੈਕਨੀਕਲ ਬਿਡ ਮਿਤੀ 22-03-2021 ਨੂੰ ਖੋਲੀ ਗਈ। ਸਫਲ ਬਿਡਜ ਦੀ ਪ੍ਰਵਾਨਗੀ ਮਿਲਣ ਉਪਰੰਤ ਉਕਤ ਕੰਮ ਦੀ ਫਾਈਨੈਸੀਅਲ ਬਿਡ ਮਿਤੀ 06-08-2021 ਨੂੰ ਖੋਲੀ ਗਈ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

| | |
|---|---|
| **Name of Work** | P/L 60mm thick ISI marked I/Tiles in various street of w-3<br>Est.Amt. 8.42 Lacs |

| NIT Sr. No.35 | Name of Contractor | Rate of Contractor |
|---|---|---|
| **L-1** | THE DAGRU CO-OP LABOUR AND CONSTRUCTION SOCIETY LIMITED | **OAS 20.01% below**<br>**Tender Amt. 6,73,515.80** |
| **L-2** | Harish Bansal Contractor | **OAS 18.75% below**<br>**Tender Amt. 6,84,125.00** |

ਉਕਤ ਕੰਮ ਲਈ ਪ੍ਰਾਪਤ ਰੇਟਾਂ ਦੀ ਤੁਲਨਾ ਕਰਨ ਤੇ ਪਾਇਆ ਗਿਆ ਕਿ THE DAGRU CO-OP LABOUR AND CONSTRUCTION SOCIETY LIMITED ਉਕਤ ਕੰਮ ਨੂੰ ਤਖਮੀਨਾਂ ਰਾਸ਼ੀ 8.42 ਲੱਖ ਤੋਂ **Below 20.01% (Tender Amount Rs. 6,73,515.80)** ਵਿੱਚ ਕਰਨ ਨੂੰ ਤਿਆਰ ਹੈ।

ਇਸੇ ਦੋਰਾਨ ਵਾਰਡ ਦੇ ਕੌਂਸਲਰ ਸ੍ਰੀ ਗੁਰਪ੍ਰੀਤ ਸਿੰਘ ਸਚਦੇਵਾ ਵੱਲੋ ਦਰਖਾਸਤ ਦਿੱਤੀ ਗਈ ਹੈ, ਉਕਤ ਕੰਮ ਦੀ ਸਾਈਟ ਬਦਲੀ ਕਰਦੇ ਹੋਏ ਬਸਤੀ ਗੋਬਿੰਦਗੜ੍ਹ ਗਲੀ ਨੰ: 6 ਵਿੱਚ ਇੰਟਰਲਾਕਿੰਗ ਟਾਈਲਾ ਲਗਾ ਕੇ ਸਾਈਡ ਬਰਮ ਪੱਕੇ ਕੀਤੇ ਜਾਣ। ਮੌਕੇ ਤੇ ਗਲੀ ਨੰ: 6 ਦੇ ਕੁਝ ਜਗ੍ਹਾ ਤੋ ਕੱਚੇ ਹਨ, ਇਸ ਜਗ੍ਹਾ ਉਪਰ ਉਕਤ ਕੰਮ ਨੂੰ ਸ਼ਿਫਟ ਕੀਤਾ ਜਾ ਸਕਦਾ ਹੈ। ਇੱਥੇ ਦੱਸਿਆ ਜਾਂਦਾ ਹੈ ਕਿ ਇਹ ਕੰਮ ਇਸੇ ਵਾਰਡ ਦਾ ਹੈ ਅਤੇ **Same** ਨੈਚਰ ਦਾ ਹੈ। ਇਸ ਲਈ ਉਕਤ ਕੰਮ ਦੀ ਸਾਈਟ ਬਦਲੀ ਕਰਦੇ ਹੋਏ ਪ੍ਰਾਪਤ ਰੇਟਾਂ **Below 20.01% (Tender Amount Rs. 6,73,515.80)** ਉਪਰ THE DAGRU CO-OP LABOUR AND CONSTRUCTION SOCIETY LIMITED ਪਾਸੋ ਕੰਮ ਕਰਵਾਉਣ ਅਤੇ ਇਹ ਰੇਟ ਤਖਮੀਨੇ ਨਾਲੋਂ ਘੱਟ ਹਨ। ਇਸ ਕੰਮ ਲਈ ਪ੍ਰਾਪਤ ਹੋਏ ਰੇਟਾਂ ਨੂੰ ਪ੍ਰਵਾਨ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ।

ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਮਤਾ ਨੰਬਰ : 64 ਸਰਵਸੰਮਤੀ ਨਾਲ ਪ੍ਰਵਾਨ ਹੈ।

–ਸਹੀ–
ਮੇਅਰ
ਨਗਰ ਨਿਗਮ ਮੋਗਾ

ਤਸਦੀਕ ਕੀਤਾ ਜਾਂਦਾ ਹੈ ਕਿ ਅਸਲ ਮੁਤਾਬਕ ਨਕਲ ਸਹੀ ਵਾ ਦਰੁਸਤ ਹੈ।

ਸਕੱਤਰ
ਨਗਰ ਨਿਗਮ, ਮੋਗਾ